CAREERINDIA

Signature and Name of Invigilator

1. (Signature) ____________________

 (Name) ____________________

2. (Signature) ____________________

 (Name) ____________________

OMR Sheet No. : ...............................................

(To be filled by the Candidate)

Roll No. | | | | | | | | |

(In figures as per admission card)

Roll No. ____________________

(In words)

J 2 4 1 5

Time : 2½ hours]

# PAPER - III
# PUNJABI

[Maximum Marks : 150

Number of Pages in this Booklet : 16

Number of Questions in this Booklet : 75

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.

   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचहत्तर बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।

   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिन्हांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही इस्तेमाल करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

www.careerindia.com

CAREERINDIA

# ਪੰਜਾਬੀ

## PAPER - III

**Note :** This paper contains **seventy five (75)** objective type questions of **two (2)** marks each. **All** questions are **compulsory**.

**ਨੋਟ :** ਇਸ ਪ੍ਰਸ਼ਨ-ਪੱਤਰ ਵਿਚ **ਪੰਝੱਤਰ** (75) ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ** (2) ਅੰਕ ਹਨ । ਸਾਰੇ ਪ੍ਰਸ਼ਨ ਲਾਜ਼ਮੀ ਹਨ ।

**1.** ਪੰਜਾਬੀ ਦੀਆਂ ਪੱਛਮੀ ਉਪ-ਭਾਸ਼ਾਵਾਂ ਵਿਚ ਸੁਰ ਨਹੀਂ ਹੈ ਕਿਉਂਕਿ –
(1) ਇਨ੍ਹਾਂ ਵਿਚ ਸਘੋਸ਼ ਅਲਪ-ਪ੍ਰਾਣ ਧੁਨੀਆਂ ਹਨ।
(2) ਇਨ੍ਹਾਂ ਵਿਚ ਸਘੋਸ਼ ਮਹਾ-ਪ੍ਰਾਣ ਧੁਨੀਆਂ ਹਨ।
(3) ਇਨ੍ਹਾਂ ਵਿਚ ਅਘੋਸ਼ ਅਲਪ ਪ੍ਰਾਣ ਧੁਨੀਆਂ ਹਨ।
(4) ਇਨ੍ਹਾਂ ਵਿਚ ਅਘੋਸ਼ ਮਹਾ-ਪ੍ਰਾਣ ਧੁਨੀਆਂ ਹਨ।

**2.** ਲੱਛਣਾਂ ਦੇ ਆਧਾਰ ਤੇ ਕਿਹੜਾ ਜੁੱਟ ਸਹੀ ਹੈ –
(1) ਸਾਂ/ਸੀ ਇਕ-ਵਚਨ, ਦੂਜਾ ਪੁਰਖ
(2) ਸੋ/ਸਨ ਬਹੁ-ਵਚਨ, ਦੂਜਾ ਪੁਰਖ
(3) ਸਨ/ਸੈਂ ਬਹੁ-ਵਚਨ, ਤੀਜਾ ਪੁਰਖ
(4) ਸੋ/ਸੀ ਬਹੁ-ਵਚਨ, ਦੂਜਾ ਪੁਰਖ

**3.** 'ਜਾਣ ਲੱਗਿਆਂ ਉਹ ਘਬਰਾ ਜਾਂਦਾ' ਵਾਕ ਵਿਚ 'ਜਾਣ ਲੱਗਿਆਂ' ਕਿਰਿਆ ਸ਼ਬਦ ਹਨ –
(1) ਸਕਰਮਕ (2) ਕਾਲਕੀ (3) ਸੰਚਾਲਕ (4) ਕਿਰਦੰਤ

**4.** ਪੰਜਾਬੀ ਧੁਨੀ-ਵਿਉਂਤ ਵਿਚ ਉਚਾਰਨ-ਸਥਾਨ ਤੇ ਵਿਧੀ ਨਾਲ ਸੰਬੰਧਿਤ ਹੈ –
(1) ਸੁਰ-ਯੰਤਰ (2) ਫੇਫੜੇ (3) ਨੱਕ-ਪੋਲ (4) ਦੰਦ

**5.** ਕਾਲਕੀ ਕਿਰਿਆ ਦਾ ਸੰਬੰਧ ਹੈ –
(1) ਸ਼ਬਦਾਂ ਦੀ ਵਿਉਤਪੱਤੀ ਨਾਲ
(2) ਸ਼ਬਦਾਂ ਦੇ ਰੂਪਾਂਤਰ ਨਾਲ
(3) ਸ਼ਬਦਾਂ ਦੇ ਵਿਆਕਰਨਕ ਅਧਿਕਾਰ ਨਾਲ
(4) ਸ਼ਬਦਾਂ ਦੀ ਸਿਰਜਣਾ ਨਾਲ

**6.** ਸਵਰ-ਧੁਨੀ ਨਾਲ ਬਿੰਦੀ ਦੀ ਵਰਤੋਂ ਨਹੀਂ ਹੁੰਦੀ –
(1) /ਈ/ ਬਿਹਾਰੀ ਨਾਲ
(2) /ਔ/ ਕਨੌੜੇ ਨਾਲ
(3) /ਇ/ ਸਿਹਾਰੀ ਨਾਲ
(4) /ਐ/ ਦੁਲਾਵਾਂ ਨਾਲ

**7.** **(A) ਕਥਨ** – ਧੁਨੀ-ਵਿਗਿਆਨ ਦੀ ਮੁੱਢਲੀ ਇਕਾਈ ਧੁਨੀ ਹੈ ਜਦੋਂ ਕਿ ਧੁਨੀ-ਵਿਉਂਤ ਦੀ ਮੁੱਢਲੀ ਇਕਾਈ ਧੁਨੀਗ੍ਰਾਮ ਹੈ। ਧੁਨੀ ਆਵਾਜ਼ ਦਾ ਭੌਤਿਕ ਪੱਖ ਹੈ ਜਦੋਂ ਕਿ ਧੁਨੀਗ੍ਰਾਮ ਭੌਤਿਕ ਤੇ ਪ੍ਰਕਾਰਜੀ ਪੱਖ ਹੈ।
**(R) ਕਾਰਨ** –ਕਿਉਂਕਿ ਧੁਨੀ-ਵਿਗਆਨ ਤੇ ਧੁਨੀ-ਵਿਉਂਤ ਇਕ ਦੂਜੇ ਦੇ ਪੂਰਕ ਵਿਗਿਆਨ-ਪ੍ਰਬੰਧ ਹਨ ਪਰ ਭੌਤਿਕ ਤੇ ਪ੍ਰਕਾਰਜੀ ਪੱਖ ਇਨ੍ਹਾਂ ਦੋਹਾਂ ਨੂੰ ਸੁਤੰਤਰ ਬਣਾਉਣ ਵਾਲੇ ਅੰਗ ਹਨ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**
(1) **(A)** ਸਹੀ ਹੈ **(R)** ਗਲਤ ਹੈ।
(2) **(A)** ਗਲਤ ਹੈ **(R)** ਸਹੀ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

8. ਸੂਚੀ – I | ਸੂਚੀ – II

| | ਸੂਚੀ – I | | ਸੂਚੀ – II |
|---|---|---|---|
| (a) | /ਮ/ | (i) | ਉਲਟ-ਜੀਭੀ, ਨਾਸਕੀ, ਅੜੱਕਵਾਂ |
| (b) | /ਣ/ | (ii) | ਦੰਤੀ, ਨਾਸਕੀ, ਅੜੱਕਵਾਂ |
| (c) | /ਙ/ | (iii) | ਨਾਸਕੀ, ਦੰਤੀ, ਅੜੱਕਵਾਂ |
| (d) | /ਨ/ | (iv) | ਕੰਠੀ, ਨਾਸਕੀ, ਅੜੱਕਵਾਂ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | (a) | (b) | (c) | (d) |
|---|---|---|---|---|
| (1) | (iii) | (i) | (iv) | (ii) |
| (2) | (i) | (ii) | (iv) | (iii) |
| (3) | (iv) | (ii) | (iii) | (i) |
| (4) | (i) | (iv) | (iii) | (ii) |

9. ਕਿਹੜਾ ਜੁੱਟ ਸਹੀ ਹੈ –

(1) ਭਗਤੀ ਕਾਵਿ : ਨਿਰਗੁਣਧਾਰਾ
(2) ਗੁਰਮਤਿ ਕਾਵਿ : ਦਵੈਤਵਾਦ
(3) ਸੂਫੀ ਕਾਵਿ : ਨਿਰਛਲ ਭਾਵੁਕਤਾ
(4) ਸੰਤ ਕਵਿ : ਬਹੁ-ਦੇਵਵਾਦ

10. ਸੁਫੀਵਾਦ ਬਾਰੇ ਕਿਹੜਾ ਕਥਨ ਵਧੇਰੇ ਸਹੀ ਹੈ –

(1) ਇਹ ਵੱਖ-ਵੱਖ ਧਰਮਾਂ ਦੀ ਸੰਮਿਲਤ ਵਿਚਾਰਧਾਰਾ ਹੈ।
(2) ਇਹ ਇਸਲਾਮੀ ਕੱਟੜਤਾ ਦਾ ਅਨੁਸਰਣ ਹੈ।
(3) ਇਰ ਇਸਲਾਮ-ਵਿਰੋਧੀ ਵਿਚਾਰਧਾਰਾ ਹੈ।
(4) ਇਹ ਇਸਲਾਮ ਦਾ ਰਹੱਸਵਾਦੀ ਰੂਪ ਹੈ।

11.

| | ਸੂਚੀ – I | | ਸੂਚੀ – II |
|---|---|---|---|
| (a) | ਬਾਬਾ ਫਰੀਦ | (i) | ਨੈਤਿਕਤਾ ਤੇ ਕਲਮਾ |
| (b) | ਸੁਲਤਾਨ ਬਾਹੂ | (ii) | ਮੌਤ ਤੇ ਦੁੱਖ |
| (c) | ਬੁੱਲ੍ਹੇ ਸ਼ਾਹ | (iii) | ਵੈਰਾਗ ਅਤੇ ਨੈਤਿਕਤਾ |
| (d) | ਸ਼ਾਹ ਹੁਸੈਨ | (iv) | ਰੋਹ ਅਤੇ ਵਿਦਰੋਹ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iv) | (iii) |
| (3) | (iii) | (i) | (iv) | (ii) |
| (4) | (ii) | (i) | (iii) | (iv) |

12. ਕਾਦਰੀ ਸਿਲਸਿਲੇ ਦਾ ਸੂਫੀ ਕਵੀ ਨਹੀਂ ਹੈ –

(1) ਬੁੱਲ੍ਹੇ ਸ਼ਾਹ (2) ਬਾਬਾ ਫਰੀਦ (3) ਸੁਲਤਾਨ ਬਾਹੂ (4) ਸ਼ਾਹ ਹੁਸੈਨ

www.careerindia.com

CAREERINDIA

13. ਬੁੱਲ੍ਹੇ ਸ਼ਾਹ ਨੇ ਕਿਹੜੇ ਕਾਵਿ ਰੂਪਾਂ ਵਿਚ ਰਚਨਾ ਨਹੀਂ ਕੀਤੀ –
(1) ਅਠਵਾਰਾ, ਗੰਢਾਂ (2) ਦੋਹੜਾ, ਸੀਹਰਫੀ (3) ਸ਼ਬਦ, ਡਿਓਢ(4) ਕਾਫੀ, ਬਾਰਾ ਮਾਹ

14. **(A) ਕਥਨ –** ਇਸਲਾਮ ਨੂੰ ਪੰਜਾਬ ਦਾ ਸਹਿਜ ਧਰਮ ਬਣਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਸੂਫੀਆਂ ਦਾ ਹੈ। ਉਨ੍ਹਾਂ ਨੇ ਇਸਲਾਮ ਨੂੰ ਪੰਜਾਬੀ ਜ਼ੁਬਾਨ ਅਤੇ ਮੁਹਾਵਰੇ ਵਿਚ ਢਾਲਿਆ।
**(R) ਕਾਰਨ –**ਪੰਜਾਬੀ ਸੂਫੀ ਇਥੋਂ ਦੇ ਜਨ-ਸਾਧਾਰਣ ਨਾਲੋਂ ਚੋਖੀ ਵਿੱਥ ਤੇ ਵਿਚਰਨ ਵਾਲੇ ਹਾਕਮ ਨਹੀਂ ਸਨ, ਲੋਕਾਂ ਦੇ ਨੇੜੇ ਤੇੜੇ ਵਿਚਰਨ ਵਾਲੇ ਫਕੀਰ ਸਨ।
**ਉਪਰੋਕਤ ਵਿਚੋਂ ਕਿਹੜਾ ਸਹੀ ਹੈ?**
(1) **(A)** ਸਹੀ ਹੈ **(R)** ਗਲਤ ਹੈ। (2) **(A)** ਤੇ **(R)** ਦੋਵੇਂ ਸਹੀ ਹਨ।
(3) **(A)** ਗਲਤ ਹੈ **(R)** ਸਹੀ ਹੈ। (4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

15. ਲੋਕ-ਵਿਸ਼ਵਾਸ਼ਾਂ ਦਾ ਕਿਹੜਾ ਜੁੱਟ ਸਹੀ ਹੈ –
(1) ਮਿਰਚਾਂ ਵਾਰਨੀਆਂ – ਨਜ਼ਰ ਉਤਾਰਨੀ (2) ਝਾੜਾ ਕਰਨਾ – ਵੱਸ ਕਰਨਾ
(3) ਬਨੇਰੇ ਤੇ ਕਾਂ ਬੋਲਣਾ – ਉਡੀਕ ਕਰਨੀ (4) ਮਸਾਣ ਜਗਾਉਣਾ – ਮੁਰਦਾ ਫੂਕਣਾ

16. ਕੁੜੀਆਂ ਦੀਆਂ ਲੋਕ-ਖੇਡਾਂ ਦਾ ਸਹੀ ਜੁੱਟ ਹੈ –
(1) ਅੱਡੀ-ਟੱਪਾ, ਪਿੱਠੂ, ਚੌਪੜ (2) ਗੁੱਡੀਆਂ ਪਟੋਲੇ, ਗੀਟੇ, ਭੰਡਾ-ਭੰਡਾਰੀਆਂ
(3) ਲੁਕਣ-ਮੀਟੀ, ਅੱਡੀ-ਟੱਪਾ, ਅੰਨ੍ਹਾ-ਝੋਟਾ (4) ਸੌਂਚੀ ਪੱਕੀ, ਰੱਸਾ ਕਸ਼ੀ, ਗੀਟੇ

17. ਫੁਲਕਾਰੀ ਦੀਆਂ ਵੰਨਗੀਆਂ ਦਾ ਸਹੀ ਵਰਗ ਹੈ –
(1) ਬਾਗ਼, ਨੀਲਕ, ਫਿਰਨ (2) ਤਿਲ-ਪੱਤਰਾ, ਬਾਗ਼, ਸੁੱਭਰ
(3) ਨੀਲਕ, ਛਮਾਸ, ਕਸੀਦਾ (4) ਦਸੂਤੀ, ਘੁੰਗਟ ਬਾਗ਼, ਛਮਾਸ

18. ਜਰਗ ਦੇ ਮੇਲੇ ਦੌਰਾਨ ਕਿਸ ਦੀ ਪੂਜਾ ਹੁੰਦੀ ਹੈ
(1) ਗੁੱਗਾ ਪੀਰ (2) ਸੀਤਲਾ ਮਾਤਾ (3) ਖੁਆਜਾ ਖਿਜਰ (4) ਕ੍ਰਿਸ਼ਨ ਭਗਵਾਨ

19. ਲੋਕ-ਮਨੋਰੰਜਨ ਦਾ ਸਹੀ ਵਰਗ ਹੈ –
(1) ਜੋਤਿਸ਼, ਤ੍ਰਿੰਜਣ, ਮੰਜਾ ਬੁਣਨਾ
(2) ਕਬੂਤਰ ਬਾਜ਼ੀ, ਸ਼ਿਕਾਰ ਖੇਡਣਾ, ਪੀਂਘ ਝੂਟਣਾ
(3) ਖੇਸੀਆਂ ਬੁਣਨਾ, ਕਸੀਦਾਕਾਰੀ, ਗਾਉਣ ਗਾਉਣਾ
(4) ਬਜਾਜੀ, ਨੇਜ਼ਾ ਬਾਜ਼ੀ, ਤ੍ਰਿੰਜਣ

www.careerindia.com

CAREERINDIA

20. ਸੂਚੀ – I / ਸੂਚੀ – II

| | ਸੂਚੀ – I | | ਸੂਚੀ – II |
|---|---|---|---|
| (a) | ਪਿਪੱਲ ਪੂਜਾ | (i) | ਲੋਕ–ਚਿਕਿਤਸਾ |
| (b) | ਹਥੌਲਾ | (ii) | ਲੋਕ–ਧਰਮ |
| (c) | ਪਾਣੀ ਮੰਤਰਣਾ | (iii) | ਸੰਸਕਾਰ |
| (d) | ਗੁੜ੍ਹਤੀ ਦੇਣਾ | (iv) | ਜਾਦੂ–ਟੂਣਾ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iv) | (iii) |
| (3) | (iii) | (i) | (iv) | (ii) |
| (4) | (ii) | (iii) | (iv) | (i) |

21. **(A) ਕਥਨ –** ਸਾਹਿਤ ਵਿਚ ਲੋਕਯਾਨ ਦੇ ਤੱਤਾਂ ਨੂੰ ਪਛਾਨਣ ਲਈ ਇਕ ਕਸਵੱਟੀ ਇਹ ਹੈ ਕਿ ਲੋਕਯਾਨ ਦੇ ਪ੍ਰਮਾਣਿਕ ਲੱਛਣ ਕਿਸ ਹੱਦ ਤਕ ਵਿਸ਼ਿਸ਼ਟ ਸਾਹਿਤ ਵਿਚ ਉਪਲੱਬਧ ਹਨ।

**(R) ਕਾਰਨ –**ਕਿਉਂਕਿ ਇਹ ਲੱਛਣ ਕੇਵਲ ਬਾਹਰ–ਵਰਤੀ ਹੁੰਦੇ ਹਨ ਅੰਦਰ–ਵਰਤੀ ਨਹੀਂ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ?**

(1) **(A)** ਆਂਸ਼ਿਕ ਸਹੀ ਹੈ **(R)** ਗਲਤ ਹੈ।
(2) **(A)** ਸਹੀ ਹੈ **(R)** ਗਲਤ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

22. ਕਿਹੜਾ ਜੁੱਟ ਸਹੀ ਹੈ –

(1) ਲੋਕ ਕਥਾ – ਸੁਰਜੀਤ ਸਿੰਘ (ਲੀ)
(2) ਲੋਕ–ਚਿਕਿਤਸਾ – ਦੇਵਿੰਦਰ ਸਤਿਆਰਥੀ
(3) ਸਾਂਝੀ – ਮਹਿੰਦਰ ਸਿੰਘ ਰੰਧਾਵਾ
(4) ਫੁਲਕਾਰੀ – ਹਰਜੀਤ ਸਿੰਘ ਗਿੱਲ

23. ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਗਿਣਤੀ ਦਾ ਕ੍ਰਮ ਹੈ –

| | ਸੂਚੀ – I | | ਸੂਚੀ – II |
|---|---|---|---|
| (a) | ਗੁਰੂ ਸਾਹਿਬਾਨ | (i) | ਚਾਰ |
| (b) | ਭੱਟ ਬਾਣੀਕਾਰ | (ii) | ਛੇ |
| (c) | ਭਗਤ ਬਾਣੀਕਾਰ | (iii) | ਗਿਆਰਾਂ |
| (d) | ਗੁਰੂ ਘਰ ਦੇ ਸਿੱਖ | (iv) | ਪੰਦਰਾਂ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iv) | (iii) |
| (3) | (ii) | (iii) | (iv) | (i) |
| (4) | (ii) | (iv) | (iii) | (i) |

www.careerindia.com

**24.** ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਿਹੜੀ ਬਾਣੀ ਰਾਗ ਤੋਂ ਬਾਹਰੀ ਹੈ –

(1) ਘੋੜੀਆਂ (2) ਰਾਗ ਮਾਲਾ (3) ਸੋਹਲੇ (4) ਕਰਹਲੇ

**25.** 'ਬਾਰਹ ਮਾਹ' (ਤੁਖਾਰੀ) ਦੇ ਆਰੰਭਲੇ ਅਤੇ ਅੰਤਲੇ ਮਹੀਨਿਆਂ ਦਾ ਸਹੀ ਜੁੱਟ ਹੈ –

(1) ਚੇਤੁ ਅਤੇ ਫਲਗੁਨਿ (2) ਚੇਤੁ ਅਤੇ ਮਾਘਿ

(3) ਵੈਸਾਖੁ ਅਤੇ ਫਾਲਗੁਨਿ (4) ਜੇਠੁ ਅਤੇ ਪੋਖਿ

**26.** ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਿਸ ਬਾਣੀ ਦਾ ਨਾਂ ਅੰਕ-ਗਣਨਾ ਤੇ ਆਧਾਰਿਤ ਹੈ –

(1) ਘੋੜੀਆਂ (2) ਮੁੰਦਾਵਣੀ (3) ਸੋਲਹੇ (4) ਕਰਹਲੇ

**27.** ਗੁਰਬਾਣੀ ਦੇ ਵਿਆਕਰਨਕਾਰਾਂ ਦਾ ਸਹੀ ਵਰਗ ਹੈ –

(1) ਮੋਹਨ ਸਿੰਘ ਦੀਵਾਨਾ, ਸਾਹਿਬ ਸਿੰਘ, ਤਾਰਨ ਸਿੰਘ

(2) ਜੋਧ ਸਿੰਘ, ਰਤਨ ਸਿੰਘ ਜੱਗੀ, ਪ੍ਰੇਮ ਪ੍ਰਕਾਸ਼ ਸਿੰਘ

(3) ਸਾਹਿਬ ਸਿੰਘ, ਹਰਕੀਰਤ ਸਿੰਘ, ਜੋਗਿੰਦਰ ਸਿੰਘ ਤਲਵਾੜਾ

(4) ਬਲਬੀਰ ਸਿੰਘ ਸੰਧੂ, ਹਰਬੰਸ ਸਿੰਘ, ਕਰਤਾਰ ਸਿੰਘ ਸੂਰੀ

**28.** ''ਬੇਦ ਕਤੇਬ ਕਹੋ ਮਤਿ ਝੂਠੇ, ਝੂਠਾ ਜੋ ਨਾ ਬਿਚਾਰੇ''

ਗੁਰਬਾਣੀ ਦਾ ਉਪਰੋਕਤ ਵਾਕ ਕਿਸ ਭਾਵ ਨੂੰ ਅੰਕਿਤ ਕਰਦਾ ਹੈ –

(1) ਵੇਦਾਂ ਤੇ ਕਤੇਬਾਂ ਦੀ ਵਿਚਾਰਧਾਰਾਈ ਪਰਿਪੱਕਤਾ ਨੂੰ

(2) ਵੇਦਾਂ ਤੇ ਕਤੇਬਾਂ ਦੇ ਵਿਚਾਰ-ਪ੍ਰਬੰਧ ਦੀ ਸੂਝ ਨੂੰ

(3) ਵੇਦਾਂ ਤੇ ਕਤੇਬਾਂ ਦੀ ਸਾਂਝ ਨੂੰ

(4) ਵੇਦਾਂ ਤੇ ਕਤੇਬਾਂ ਦੀ ਵਿਰੋਧਮੁਖੀ ਸੁਰ ਨੂੰ

**29.** ਕਿਹੜਾ ਵਰਗ ਸਹੀ ਹੈ :

(1) ਸਹਸਕ੍ਰਿਤੀ ਸਲੋਕ : ਮਹਲਾ 1 , ਮਹਲਾ 5 (2) ਬਾਰਹ ਮਾਹ : ਮਹਲਾ 1, ਮਹਲਾ 3

(3) ਵਾਰ : ਮਹਲਾ 3, ਮਹਲਾ 4 (4) ਗੁਣਵੰਤੀ : ਮਹਲਾ 5, ਮਹਲਾ 4

**30.** **(A) ਕਥਨ –** ਗੁਰੂ ਬਾਣੀ ਸਾਹਿਬ ਦੇ ਬਾਣੀਕਾਰਾਂ ਨੇ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਨੂੰ ਵਿਵੇਚਨ ਕਰਦਿਆਂ ਇਨ੍ਹਾਂ ਨੂੰ ਇਕੋ ਪਰਮ ਹੋਂਦ ਦੀਆਂ ਦੋ ਅਵਸਥਾਵਾਂ ਦੇ ਰੂਪ ਵਿਚ ਚਿਤਵਿਆ ਗਿਆ ਹੈ।

**(R) ਕਾਰਨ –**ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦੋਹਾਂ ਧਾਰਾਵਾਂ ਦੇ ਬਾਣੀਕਾਰਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**

(1) **(A)** ਸਹੀ ਹੈ **(R)** ਗਲਤ ਹੈ। (2) **(A)** ਆਂਸ਼ਿਕ ਸਹੀ ਹੈ **(R)** ਗਲਤ ਹੈ।

(3) **(A)** ਤੇ **(R)** ਦੋਵੇਂ ਸਹੀ ਹਨ। (4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

**31.** ਹੀਰ ਦਾ ਕਿੱਸਾ ਰਚਣ ਵਾਲੇ ਕਿੱਸਾਕਾਰਾਂ ਦਾ ਇਤਿਹਾਸਕ ਕ੍ਰਮ ਹੈ –

(1) ਵਾਰਿਸ, ਮੁਕਬਲ, ਅਹਿਮਦ ਗੁੱਜਰ
(2) ਮੁਕਬਲ, ਵਾਰਿਸ, ਅਹਿਮਦ ਗੁੱਜਰ
(3) ਅਹਿਮਦ ਗੁੱਜਰ, ਮੁਕਬਲ, ਵਾਰਿਸ
(4) ਮੁਕਬਲ, ਵਾਰਿਸ, ਅਹਿਮਦ ਗੁੱਜਰ

**32.**

| | **ਸੂਚੀ – I** | | **ਸੂਚੀ – II** |
|---|---|---|---|
| (a) | ਗੁਰੂ ਨਾਨਕ | (i) | ਜੈਤਸਰੀ ਦੀ ਵਾਰ |
| (b) | ਗੁਰੂ ਅਮਰਦਾਸ | (ii) | ਵਡਹੰਸ ਦੀ ਵਾਰ |
| (c) | ਗੁਰੂ ਅਰਜਨ ਦੇਵ | (iii) | ਸੂਹੀ ਦੀ ਵਾਰ |
| (d) | ਗੁਰੂ ਰਾਮਦਾਸ | (iv) | ਮਲਾਰ ਦੀ ਵਾਰ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (iv) | (iii) | (i) | (ii) |
| (3) | (iii) | (iv) | (ii) | (i) |
| (4) | (ii) | (iii) | (iv) | (i) |

**33.** **(A) ਕਥਨ** – ਚੰਡੀ ਦੀ ਵਾਰ ਇਕ ਅਜਿਹੀ ਪੌਰਾਣਿਕ ਰਚਨਾ ਹੈ ਜਿਸਦਾ ਮੂਲ ਮਾਰਕੰਡੇ ਪੁਰਾਣ ਹੈ। ਪੌਰਾਣਿਕ ਵਿਰਸੇ ਵਿਚੋਂ ਇਸ ਪ੍ਰਸੰਗ ਨੂੰ ਮੌਲਿਕ ਸ਼ੈਲੀ ਰਾਹੀਂ ਲਿਖਣ ਦਾ ਮੁੱਖ ਉਦੇਸ਼ ਧਰਮ-ਯੁੱਧ ਲਈ ਤਿਆਰ ਹੋ ਰਹੇ ਸਿੰਘਾਂ ਵਿਚ ਬੀਰ ਰਸੀ ਭਾਵਾਂ ਨੂੰ ਪ੍ਰਜਵਲਿਤ ਕਰਨਾ ਹੈ।

**(R) ਕਾਰਨ** –ਅਜਿਹਾ ਇਸ ਲਈ ਲਾਜ਼ਮੀ ਸੀ ਕਿਉਂ ਜੋ ਪੁਰਾਣ-ਕਥਾਵਾਂ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੁੱਕੀਆਂ ਹਨ ਅਤੇ ਤੀਬਰ ਧਰਮ ਭਾਵਨਾ ਜਗਾਉਂਦੀਆਂ ਹਨ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**

(1) **(A)** ਅਾਂਸ਼ਿਕ ਸਹੀ ਹੈ **(R)** ਗਲਤ ਹੈ।
(2) **(A)** ਸਹੀ ਹੈ **(R)** ਗਲਤ ਹੈ।
(3) **(A)** ਅਤੇ **(R)** ਸਹੀ ਹਨ।
(4) **(A)** ਸਹੀ ਹੈ **(R)** ਅਾਂਸ਼ਿਕ ਸਹੀ ਹੈ।

**34.** ਕਿਹੜਾ ਜੁੱਟ ਸਹੀ ਨਹੀਂ ਹੈ –

(1) ਹਰਿਭਜਨ ਸਿੰਘ – ਕਿੱਸਾ ਬੰਜਾਬ
(2) ਜੀਤ ਸਿੰਘ ਸੀਤਲ – ਪੰਜਾਬੀ ਕਿੱਸਾ ਪਰੰਪਰਾ ਤੇ ਪ੍ਰਵਾਹ
(3) ਅਮਰਜੀਤ ਸਿੰਘ ਕਾਂਗ – ਕਿੱਸਾ ਸੰਸਾਰ
(4) ਕੁਲਬੀਰ ਸਿੰਘ ਕਾਂਗ – ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ

**35.** ਹੀਰ ਰੂਹ ਤੇ ਚਾਕ ਕਲਬੂਤ ਜਾਣੋ, ਬਾਲਨਾਥ ਇਹ ਪੀਰ ਬਣਾਇਆ ਈ।
ਪੰਜ ਪੀਰ ਨੇ ਪੰਜ ਹਵਾਸ ਤੇਰੇ, ਜਿਨ੍ਹਾਂ ਥਾਪਨਾ ਤੁਧ ਨੂੰ ਲਾਇਆ ਈ।

ਉਪਰੋਕਤ ਕਾਵਿ-ਸਤਰਾਂ ਵਿਚ ਕਿਸ ਅਲੰਕਾਰ ਦੀ ਰਚਨਾ ਹੋਈ ਹੈ –

(1) ਦ੍ਰਿਸ਼ਟਾਂਤ ਅਲੰਕਾਰ
(2) ਰੂਪਕ ਅਲੰਕਾਰ
(3) ਅਤਿ-ਕਥਨੀ ਅਲੰਕਾਰ
(4) ਉਪਮਾ ਅਲੰਕਾਰ

www.careerindia.com

CAREERINDIA

36. ਕਿਹੜਾ ਜੁੱਟ ਸਹੀ ਨਹੀਂ ਹੈ –

(1) ਵਾਰਿਸ ਸ਼ਾਹ – ਲੋਕ–ਵਿਦਵਤਾ ਅਤੇ ਵਿਸਤਾਰ

(2) ਹਾਸ਼ਮ – ਇਸ਼ਕ ਅਤੇ ਸੰਜਮਤਾ

(3) ਫ਼ਜ਼ਲ ਸ਼ਾਹ – ਬੈਂਤ ਅਤੇ ਸ਼ਬਦ–ਅਨੁਪ੍ਰਾਸ

(4) ਦਮੋਦਰ – ਹੱਡੀਂ ਹੰਢਾਇਆ

37. ਦੁਖਾਂਤ ਰੂਪ ਵਿਚ ਰਚਿਆ ਪੰਜਾਬੀ ਦਾ ਪਹਿਲਾ ਕਿੱਸਾ ਹੈ –

(1) ਪੀਲੂ ਦਾ ਮਿਰਜ਼ਾ ਸਾਹਿਬਾਂ (2) ਹੀਰ ਵਾਰਿਸ

(3) ਸੱਸੀ ਪੁੰਨੂ (ਹਾਸ਼ਮ) (4) ਸੋਹਣੀ ਮਹੀਂਵਾਲ (ਫ਼ਜ਼ਲ ਸ਼ਾਹ)

38. ਸੰਸਮਰਣ ਦੇ ਰੂਪਾਕਾਰਕ ਲੱਛਣ ਹਨ –

(1) ਯਾਦਾਂ, ਸਮੇਂ–ਸਥਾਨ ਤੇ ਕਾਲ ਦੀ ਏਕਤਾ, ਸਮਾਜਕ ਯਥਾਰਥ

(2) ਅਭੁੱਲ ਯਾਦਾਂ, ਸਮੇਂ ਸਥਾਨ ਤੇ ਕਾਲ ਦੀ ਉਸਾਰੀ, ਘਟਨਾ ਬਿਰਤਾਂਤ

(3) ਯਾਦ ਸ਼ਕਤੀ, ਬਿਰਤਾਂਤਕਾਰੀ, ਇਤਿਹਾਸਕ ਵਿਆਕਤੀ

(4) ਗੱਦ–ਸ਼ੈਲੀ, ਦ੍ਰਿਸ਼ ਵਰਣਨ, ਸਭਿਆਚਾਰਕ ਸਿਮਰਤੀ

39. ਰੇਖਾ–ਚਿੱਤਰ ਸਾਹਿਤ ਬਾਰੇ ਕਿਹੜਾ ਜੁੱਟ ਸਹੀ ਹੈ –

(1) ਬਲਵੰਤ ਗਾਰਗੀ – ਮਿੱਤਰ ਅਸਾਡੇ ਸੇਈ

(2) ਕੁਲਬੀਰ ਸਿੰਘ ਕਾਂਗ – ਕੌਡੀਆਂ ਵਾਲਾ ਸੱਪ

(3) ਅੰਮ੍ਰਿਤਾ ਪ੍ਰੀਤਮ – ਕਿਰਮਚੀ ਲਕੀਰਾਂ

(4) ਜੀਤ ਸਿੰਘ ਸੀਤਲ – ਪੱਥਰ ਲੀਕਾਂ

40. **(A) ਕਥਨ –** ਲਲਿਤ ਨਿਬੰਧ ਗੱਦ ਵਿਚ ਲਿਖਿਆ ਲਘੂ–ਆਕਾਰੀ ਗੀਤ ਹੈ, ਜੋ ਕੰਨ ਦੇ ਮਾਧਿਅਮ ਰਾਹੀਂ ਘੱਟ ਅਤੇ ਅੱਖ ਦੇ ਮਾਧਿਅਮ ਰਾਹੀਂ ਮਨ ਤੀਕਰ ਸੰਚਾਰ ਕਰਨ ਵਲ ਵਧੇਰੇ ਰੁਚਿਤ ਹੁੰਦਾ ਹੈ।

**(R) ਕਾਰਨ –** ਇਸਦੀ ਭਾਸ਼ਾ–ਸ਼ੈਲੀ ਇਕ–ਪਰਤੀ ਹੋਣ ਕਾਰਣ ਸਰਲ ਸੰਚਾਰਿਤ ਹੁੰਦੀ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**

(1) **(A)** ਆਂਸ਼ਿਕ ਸਹੀ ਹੈ **(R)** ਗਲਤ ਹੈ। (2) **(A)** ਅਤੇ **(R)** ਦੋਂਵੇਂ ਸਹੀ ਹਨ।

(3) **(A)** ਸਹੀ ਹੈ **(R)** ਗਲਤ ਹੈ। (4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

41. ਸੂਚੀ – I ਸੂਚੀ – II

| ਸੂਚੀ – I | | ਸੂਚੀ – II | |
|---|---|---|---|
| (a) | ਤਕੀਏ ਦਾ ਪੀਰ | (i) | ਜੀਵਨੀ |
| (b) | ਛਾਂਗਿਆ ਰੁੱਖ | (ii) | ਸਫ਼ਰਨਾਮਾ |
| (c) | ਅਸ਼ਟ ਗੁਰ ਚਮਤਕਾਰ | (iii) | ਰੇਖਾ–ਚਿੱਤਰ |
| (d) | ਪਤਾਲ ਦੀ ਧਰਤੀ | (iv) | ਸਵੈ–ਜੀਵਨੀ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ।**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (iii) | (iv) | (i) | (ii) |
| (3) | (iii) | (i) | (iv) | (ii) |
| (4) | (ii) | (iii) | (iv) | (i) |

42. ਪਰਮਾਰਥ ਰੂਪ ਦੀ ਵਿਸ਼ੇਸ਼ਤਾ ਹੈ –
(1) ਕਲਾਸਿਕੀ ਰਚਨਾਵਾਂ ਦੇ ਮਹੱਤਵ ਨੂੰ ਸਮਝਾਉਣਾ
(2) ਧਾਰਮਿਕ ਰਹੁ–ਰੀਤ ਦੇ ਨਿਯਮਾਂ ਨੂੰ ਅੰਕਿਤ ਕਰਨਾ
(3) ਰਚਨਾ ਦੇ ਅੰਤਰੀਵ ਅਰਥਾਂ ਦੀ ਵਿਆਖਿਆ
(4) ਰਚਨਾ ਦਾ ਪਰਿਚਯਾਤਮਕ ਵਰਣਨ ਕਰਨਾ

43. ਸਫ਼ਰਨਾਮਾ ਦੀ ਮੁੱਖ ਲੱਛਣ ਹਨ –
(1) ਉਤਸੁਕਤਾ, ਜਿਗਿਆਸਾ, ਬੌਧਿਕ ਵਿਸ਼ਲੇਸ਼ਣ
(2) ਜਿਗਿਆਸਾ, ਵਿਚਿੱਤਰਤਾ, ਵਰਣਨ–ਬਿਰਤਾਂਤ
(3) ਗਿਆਨ, ਭ੍ਰਮਣ, ਇਤਿਹਾਸਕਤਾ
(4) ਵਿਚਿੱਤਰਤਾ, ਸੰਸਸਮਰਣ, ਭਾਵੁਕਤਾ

44. ਕਿਹੜਾ ਜੁੱਟ ਸਹੀ ਹੈ –
(1) ਭਾਈ ਸਹਿਜ ਰਾਮ – ਗਿਆਨ ਰਤਨਾਵਲੀ
(2) ਸ਼ੰਭੂਨਾਥ – ਪੁਰਤਨ ਜਨਮ ਸਾਖੀ
(3) ਭਾਈ ਮਨੀ ਸਿੰਘ – ਪਰਚੀਆਂ ਸ੍ਰੀ ਭਾਈ ਕਨ੍ਹੱਈਆ ਜੀ
(4) ਕੇਸਰ ਸਿੰਘ ਛਿੱਬਰ – ਬੰਸਾਵਲੀਨਾਮਾ

45. ਮੁੱਢਲੀ ਪੰਜਾਬੀ ਵਾਰਤਕ ਦੇ ਰਚਨਾਕਾਰ ਮੁੱਖ ਰੂਪ ਵਿਚ ਸੰਬੰਧਿਤ ਹਨ –
(1) ਗੁਰਮਤਿ ਦੀਆਂ ਵਿਆਖਿਆ–ਪ੍ਰਣਾਲੀਆਂ ਨਾਲ
(2) ਗੁਰੂ ਘਰਾਣਿਆਂ ਨਾਲ
(3) ਗੁਰਬਾਣੀ ਦੇ ਸੈਂਚੀ ਟੀਕਿਆਂ ਨਾਲ
(4) ਸੂਫੀ ਸੰਤਾਂ ਦੇ ਮਸਲਿਆਂ ਨਾਲ

www.careerindia.com

CAREERINDIA

46. ਭਾਈ ਵੀਰ ਸਿੰਘ ਕਾਵਿ ਦੀ ਵਿਸ਼ੇਸ਼ ਪ੍ਰਵਿਰਤੀ ਹੈ –

(1) ਮਨੁੱਖ ਦਾ ਪ੍ਰਕਿਰਤੀਕਰਨ ਤੇ ਪ੍ਰਕਿਰਤੀ ਦਾ ਇਹਲੌਕਿਕ ਪ੍ਰਗਟਾਉ

(2) ਅਧਿਆਤਮ ਨੂੰ ਪ੍ਰਕਿਰਤੀ ਤੇ ਪ੍ਰਕਿਰਤੀ ਨੂੰ ਅਧਿਆਤਮਕ ਪੱਧਰ ਉਪਰ ਪ੍ਰਗਟਾਉਣਾ

(3) ਵੈਦਿਕ ਤੇ ਪੌਰਾਣਿਕ ਮਿਥਾਂ ਦੀ ਆਭਿਵਿਅਕਤੀ

(4) ਮੱਧਕਾਲੀ ਅਨਿਉਕਤੀ ਤੇ ਵਸਤੂ–ਯਥਾਰਥ ਦੀ ਪੇਸ਼ਕਾਰੀ

47. ਕਿਹੜਾ ਕਥਨ ਸਹੀ ਨਹੀਂ ਹੈ

(1) ਆਧੁਨਿਕ ਪੰਜਾਬੀ ਕਵਿਤਾ ਵਿਚ ਮਨੁੱਖ ਦੀ ਅਪ੍ਰਮਾਣਿਕ ਹੋਂਦ ਤੇ ਖੰਡਿਤ ਮਨੋ–ਅਵਸਥਾ ਨੂੰ ਚਿਤਰਿਆ ਗਿਆ ਹੈ।

(2) ਜੁਝਾਰ –ਵਿਦਰੋਹੀ ਧਾਰਾ ਦੀ ਪੰਜਾਬੀ ਕਵਿਤਾ ਵਿਸ਼ੇਸ਼ ਰਾਜਨੀਤਕ–ਸਮਾਜਕ ਮਨੋਰਥ ਦੀ ਸਿੱਧੀ ਦੇ ਸਾਧਨ ਵਜੋਂ ਰਚੀ ਗਈ।

(3) ਪੰਜਾਬੀ ਨਾਰੀਵਾਦੀ ਕਵਿਤਾ ਇਸਤਰੀ ਹੋਂਦ ਦੇ ਸ਼ੋਸ਼ਣ ਤੇ ਦਮਨ ਤੋਂ ਪੈਦਾ ਹੋਏ ਸੰਤਾਪ ਨੂੰ ਚਿਤਰਦੀ ਹੈ।

(4) ਪੰਜਾਬ ਸੰਕਟ ਨਾਲ ਸੰਬੰਧਿਤ ਪੰਜਾਬੀ ਕਵਿਤਾ ਵਿਚ ਸੰਕਟ ਦੀ ਭਿਆਨਕਤਾ ਤਾਂ ਪੇਸ਼ ਹੋਈ ਹੈ ਪਰ ਇਸਦੇ ਕਾਰਣਾਂ ਦਾ ਵਿਸ਼ਲੇਸ਼ਣ ਨਹੀਂ ਹੋਇਆ।

48.

| | **ਸੂਚੀ – I** | | **ਸੂਚੀ – II** |
|---|---|---|---|
| (a) | ਧਨੀ ਰਾਮ ਚਾਤ੍ਰਿਕ | (i) | ਬੌਧਿਕ ਰਹੱਸਵਾਦ |
| (b) | ਪ੍ਰੀਤਮ ਸਿੰਘ ਸਫੀਰ | (ii) | ਨਗਰ–ਬੋਧ |
| (c) | ਸ.ਸ. ਮੀਸ਼ਾ | (iii) | ਇਤਿਹਾਸਕ ਚੇਤਨਾ |
| (d) | ਪਾਸ਼ | (iv) | ਪੇਂਡੂ ਲੋਕ–ਭਾਵਨਾ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iv) | (iii) |
| (3) | (iv) | (iii) | (i) | (ii) |
| (4) | (iv) | (i) | (ii) | (iii) |

49. **(A) ਕਥਨ –** ਮੋਹਨ ਸਿੰਘ ਤੇ ਉਸਦੇ ਸਾਥੀਆਂ ਦਾ ਯੁੱਗ ਪ੍ਰਗਤੀ ਦਾ ਯੁੱਗ ਹੈ। ਪ੍ਰਗਤੀ ਵਿਸਤਾਰ ਨਾਲ ਸੰਬੰਧਿਤ ਹੈ। ਇਸ ਯੁੱਗ ਵਿਚ ਪੰਜਾਬੀ ਕਵਿਤਾ ਨੂੰ ਵੰਨ–ਸੁਵੰਨਿਆਂ ਦਿਸ਼ਾਵਾਂ ਵਿਚ ਫੈਲਣ ਦਾ ਮੌਕਾ ਮਿਲਿਆ।

**(R) ਕਾਰਨ** –ਫਲ ਵਜੋਂ ਆਤਮ–ਕੇਂਦ੍ਰਿਤ ਗੀਤ ਅਤੇ ਲੋਕ–ਹਿਤੂ ਨਜ਼ਮ ਇਸ ਯੁੱਗ ਦੇ ਦੋ ਉੱਘੇ ਲੱਛਣ ਹਨ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**

(1) **(A)** ਸਹੀ ਹੈ **(R)** ਗਲਤ ਹੈ।
(2) **(A)** ਗਲਤ ਹੈ **(R)** ਸਹੀ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

**50.** ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੀ ਰਚਨਾ ਕਰਨ ਵਾਲੇ ਮੁੱਖ ਕਵੀ ਹਨ –

(1) ਲਾਲ ਸਿੰਘ ਦਿਲ, ਦਰਸ਼ਨ ਸਿੰਘ ਆਵਾਰਾ, ਪਾਸ਼

(2) ਪੂਰਨ ਸਿੰਘ, ਹਰਿਭਜਨ ਸਿੰਘ, ਦੀਵਾਨ ਸਿੰਘ ਕਾਲੇਪਾਣੀ

(3) ਸੁਰਜੀਤ ਪਾਤਰ, ਅੰਮ੍ਰਿਤਾ ਪ੍ਰੀਤਮ, ਜਗਤਾਰ

(4) ਪ੍ਰੀਤਮ ਸਫੀਰ, ਤਾਰਾ ਸਿੰਘ, ਧਨੀ ਰਾਮ ਚਾਤ੍ਰਿਕ

**51.** ਕਿਹੜਾ ਵਰਗ ਸਹੀ ਨਹੀਂ ਹੈ –

(1) ਰੋਮਾਂਟਿਕ ਕਵੀ : ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ

(2) ਪ੍ਰਗਤੀਕਵੀ : ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ

(3) ਜੁਝਾਰ ਵਿਦਰੋਹੀ ਕਵੀ : ਅਵਤਾਰ ਪਾਸ਼, ਹਰਭਜਨ ਹਲਵਾਰਵੀ, ਸ.ਸ. ਮੀਸ਼ਾ

(4) ਉੱਤਰ-ਆਧੁਨਿਕ ਕਵੀ : ਮਨਮੋਹਨ, ਦੇਵ, ਵਨੀਤਾ

**52.** ਕਿਹੜਾ ਕਥਨ ਸਹੀ ਹੈ

(1) ਸ਼ੁੱਧ ਕਾਵਿ ਦਾ ਮੁਹਾਂਦਰਾ ਸਿਰਜਣ ਵਾਲਾ ਕਵੀ ਹੈ : ਪੂਰਨ ਸਿੰਘ

(2) ਪ੍ਰਗਤੀਵਾਦੀ ਪ੍ਰਤਿਬੱਧਤਾ ਦਾ ਕਵੀ ਹੈ : ਜਸਬੀਰ ਸਿੰਘ ਆਹਲੂਵਾਲੀਆ

(3) ਪੰਜਾਬੀ ਚੇਤਨਾ ਦੀ ਸਹਿਜ ਪਛਾਣ ਦੀ ਕਵਿਤਰੀ ਹੈ : ਅੰਮ੍ਰਿਤਾ ਪ੍ਰੀਤਮ

(4) ਰੋਮਾਂਟਿਕ ਅਤੇ ਪ੍ਰਯੋਗਵਾਦੀ ਧਾਰਾ ਦਾ ਪ੍ਰਮਾਣਿਕ ਬੋਲ ਹੈ : ਮੋਹਨ ਸਿੰਘ

**53.** ਹਰਿਭਜਨ ਸਿੰਘ ਰਚਿਤ 'ਰੁੱਖ ਦੇ ਰਿਸ਼ੀ' ਵਿਚਲੇ ਚਰਿਤਰ ਹਨ –

(1) ਰਿਸ਼ੀ ਤੇ ਮਾਹੀ (2) ਉੰਮੀ ਤੇ ਸਿਧਾਰਥ (3) ਰੁੱਖ ਤੇ ਭੀੜ (4) ਪੂਰਨ ਤੇ ਵਰਮਨ

**54.** ਜੋਗਿੰਦਰ ਸਿੰਘ ਰਾਹੀ ਦੇ ਵਿਚਾਰ ਅਨੁਸਾਰ ਪੰਜਾਬੀ ਨਾਵਲ ਦੇ ਮੋਢੀ ਆਧਾਰ-ਤੱਤ ਹਨ –

(1) ਅੰਗ੍ਰੇਜ਼ੀ ਰਾਜ ਦੀ ਸਥਾਪਨਾ, ਛਾਪਾਖਾਨਾ ਅਤੇ ਵਿਦਿਆ ਦਾ ਪਾਸਾਰ

(2) ਨਵੀਂ ਵਿਦਿਆ ਦਾ ਪਾਸਾਰ, ਪੰਜਾਬੀ ਬਿਰਤਾਂਤ-ਪਰੰਪਰਾ ਅਤੇ ਸਮਕਾਲੀ ਸਿਆਸੀ ਪਰਿਸਥਿਤੀਆਂ

(3) ਅੰਗ੍ਰੇਜ਼ੀ ਰਾਜ, ਛਾਪਾਖਾਨਾ ਅਤੇ ਸਮਕਾਲੀ ਪਰਿਸਥਿਤੀਆਂ

(4) ਅੰਗ੍ਰੇਜੀ ਨਾਵਲ, ਨਵੀਂ ਵਿਦਿਆ ਦਾ ਪਾਸਾਰ ਅਤੇ ਛਾਪਾਖਾਨਾ

**55.** ਪੰਜਾਬੀ ਦਾ ਪਹਿਲਾ ਮੌਲਿਕ ਕਹਾਣੀ-ਸੰਗ੍ਰਹਿ ਹੈ –

(1) ਆਨੰਦ ਪ੍ਰਵਾਹ (ਫੜ੍ਹੇ ਸਿੰਘ)

(2) ਹਸਦੇ ਹੰਝੂ (ਚਰਨ ਸਿੰਘ ਸ਼ਹੀਦ)

(3) ਪੰਜਾਬੀ ਸੱਧਰਾਂ (ਗਿਆਨੀ ਹੀਰਾ ਸਿੰਘ ਦਰਦ)

(4) ਨਿੱਕੀਆਂ ਕਹਾਣੀਆਂ (ਜੋਸ਼ੂਆ ਫ਼ਜ਼ਲਦੀਨ)

www.careerindia.com

CAREERINDIA

56. **ਸੂਚੀ – I** **ਸੂਚੀ – II**

| | ਸੂਚੀ – I | | ਸੂਚੀ – II |
|---|---|---|---|
| (a) | ਪ੍ਰਗਤੀਵਾਦੀ | (i) | ਪ੍ਰਤਾਪੀ |
| (b) | ਯਥਾਰਥਵਾਦੀ | (ii) | ਖਾਜ |
| (c) | ਆਂਚਲਿਕ | (iii) | ਲਹੂ ਮਿੱਟੀ |
| (d) | ਉੱਤਰ-ਯਥਾਰਥਵਾਦੀ | (iv) | ਜੁਗ ਬਦਲ ਗਿਆ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ।**

| | (a) | (b) | (c) | (d) |
|---|---|---|---|---|
| (1) | (iii) | (i) | (iv) | (ii) |
| (2) | (i) | (ii) | (iv) | (iii) |
| (3) | (iv) | (ii) | (iii) | (i) |
| (4) | (iii) | (iv) | (i) | (ii) |

57. ਪੰਜਾਬੀ ਨਾਵਲ ਦੇ ਉੱਤਰ ਯਥਾਰਥੀ ਕਾਲ ਦੇ ਪਛਾਣ-ਬਿੰਦੂ ਹਨ –
(1) ਵਿਸ਼ੈਗਤ ਰਚਨਾ-ਦ੍ਰਿਸ਼ਟੀ ਅਤੇ ਰੂਪਤਕਾਰਕ ਜੁਗਤਾਂ ਦੀ ਵੰਨ-ਸੁਵੰਨਤਾ
(2) ਸਮਾਜਕ ਅਤੇ ਯਥਾਰਥਵਾਦੀ ਨਾਵਲ-ਪਰੰਪਰਾ ਦਾ ਵਿਸਥਾਰ
(3) ਦਲਿਤ ਅਤੇ ਨਾਰੀਵਾਦੀ ਯਥਾਰਥ ਦੀ ਪੇਸ਼ਕਾਰੀ
(4) ਖੇਤਰੀ ਅਤੇ ਆਂਚਲਿਕ ਨਾਵਲਾਂ ਦੀ ਪ੍ਰਵਿਰਤੀ

58. ਲੇਖਕ, ਰਚਨਾ ਤੇ ਪਾਤਰ ਦਾ ਸਹੀ ਜੁੱਟ ਹੈ –
(1) ਗੁਰਦਿਆਲ ਸਿੰਘ, ਅੱਧ ਚਾਨਣੀ ਰਾਤ, ਮੋਦਨ
(2) ਕਰਮਜੀਤ ਕੁੱਸਾ, ਅੱਗ ਦਾ ਗੀਤ, ਮੋਦਨ
(3) ਹਰਜੀਤ ਅਟਵਾਲ, ਰੇਤ, ਸੁਰਜਨ
(4) ਅੰਮ੍ਰਿਤਾ ਪ੍ਰੀਤਮ, ਡਾ. ਦੇਵ, ਰਾਸ਼ੀਦ

59. ਅਧਿਐਨ-ਵਿਧੀ ਦੀ ਦ੍ਰਿਸ਼ਟੀ ਤੋਂ ਕਿਹੜਾ ਜੁੱਟ ਸਹੀ ਹੈ –
(1) ਸ.ਸ. ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਵਿਹਾਰਕ ਅਧਿਐਨ
(2) ਜਸਬੀਰ ਜੈਨ, ਆਧੁਨਿਕਤਾ ਦੇ ਸੰਦਰਭ – ਭਾਰਤੀ ਨਾਵਲ, ਚਿੰਨ-ਵਿਗਿਆਨ
(3) ਟੀ.ਆਰ.ਵਿਨੋਦ, ਪੰਜ ਨਾਵਲ, ਮਾਕਰਸਵਾਦੀ
(4) ਕਿਸ਼ਨ ਸਿੰਘ, ਗੁਰਦਿਆਲ ਸਿੰਘ ਦੀ ਨਾਵਲ ਚੇਤਨਾ, ਸਮਾਜ-ਸ਼ਾਸਤਰੀ

60. **(A) ਕਥਨ –** ਮਨੁੱਖੀ ਪਾਤਰਾਂ ਨਾਲ ਰੱਜੀ-ਪੁਜੀ ਛੋਟੀ ਕਹਾਣੀ ਵਿਚ ਨਾਇਕ ਦਾ ਅਭਾਵ ਇਸ ਸੱਚ ਵਲ ਸੰਕੇਤ ਕਰਦਾ ਹੈ ਕਿ ਛੋਟੀ ਕਹਾਣੀ ਨੇ ਮਨੁੱਖ ਨੂੰ ਆਪਣੇ ਹੀ ਸੰਦਰਭ ਵਿਚ ਪੇਸ਼ ਕੀਤਾ ਹੈ। ਛੋਟੀ ਕਹਾਣੀ ਦਾ ਮੱਨੁਖ ਆਪਣੀ ਹੀ ਸੰਭਾਵਨਾ ਦੇ ਮੁਕਾਬਲੇ ਵਿਚ ਛੋਟਾ ਹੈ।

**(R) ਕਾਰਨ –** ਇਸੇ ਕਰਕੇ ਪੰਜਾਬੀ ਕਹਾਣੀ ਦਾ ਨਾਇਕ ਕਿਸੇ ਵਡੇਰੇ ਆਦਰਸ਼ ਨੂੰ ਪ੍ਰਾਪਤ ਕਰਨ ਦੇ ਸੁਪਨੇ ਦੀ ਸਿਰਜਣਾ ਨਹੀਂ ਕਰਦਾ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ।**
(1) **(A)** ਸਹੀ ਹੈ **(R)** ਗਲਤ ਹੈ।
(2) **(A)** ਗਲਤ ਹੈ **(R)** ਸਹੀ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

61. ਪਰਵਾਸੀ ਪੰਜਾਬੀ ਗਲਪ ਦੇ ਮੁਖ ਲੱਛਣ ਹਨ –
(1) ਭੂ–ਹੇਰਵਾ, ਪ੍ਰਗਤੀਵਾਦੀ ਤੇ ਯਥਾਰਥ–ਚਿਤਰਣ
(2) ਪੱਛਮੀ ਸੰਵੇਦਨਾ, ਵਿਦਰੋਹ ਚੇਤਨਾ ਤੇ ਕ੍ਰਾਂਤੀ ਦਾ ਬਿਰਤਾਂਤ
(3) ਪੱਛਮੀ ਸੰਵੇਦਨਾ, ਮਾਨਵੀ ਵਿਗਠਨ ਅਤੇ ਦਰਦ ਦਾ ਬਿਰਤਾਂਤ
(4) ਮਾਨਵੀ ਵਿਸਥਾਪਨ, ਵਿਗਠਨ ਅਤੇ ਅਸਤਿਤਵੀ ਵਿਖੰਡਨ ਦਾ ਬਿਰਤਾਂਤ

62. ਪੰਜਾਬੀ ਨਾਟਕ ਦੀ ਉਤਪੱਤੀ ਦਾ ਮੁੱਖ ਸੋਮਾ ਹੈ –
(1) ਲੋਕ ਨਾਟਕ ਤੇ ਪਾਰਸੀ ਨਾਟਕ ਮੰਡਲਿਆਂ ਦੇ ਨਾਟਕ
(2) ਸੰਸਕ੍ਰਿਤ ਅਤੇ ਹਿੰਦੀ ਨਾਟਕ
(3) ਅੰਗ੍ਰੇਜ਼ੀ ਅਤੇ ਅਨੁਵਾਦਕ ਨਾਟਕ
(4) ਤਤਕਾਲੀ ਸਮਾਜਕ ਅਤੇ ਧਾਰਮਿਕ ਲਹਿਰਾਂ

63.

| | **ਸੂਚੀ – I** | | **ਸੂਚੀ – II** |
|---|---|---|---|
| (a) | ਆਤਮਜੀਤ | (i) | ਖੁਸਰੇ |
| (b) | ਅਜਮੇਰ ਔਲਖ | (ii) | ਕੁਦੇਸਣ |
| (c) | ਜਤਿੰਦਰ ਬਰਾੜ | (iii) | ਝਨਾਂ ਦੇ ਪਾਣੀ |
| (d) | ਜਗਦੀਸ਼ ਸਚਦੇਵਾ | (iv) | ਮੁੰਗੂ ਕਾਮਰੇਡ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ।**

| | **(a)** | **(b)** | **(c)** | **(d)** |
|---|---|---|---|---|
| (1) | (iii) | (i) | (iv) | (ii) |
| (2) | (i) | (ii) | (iv) | (iii) |
| (3) | (iv) | (iii) | (ii) | (i) |
| (4) | (iii) | (iv) | (ii) | (i) |

64. ਉਪੇਰਾ ਨਾਟਕਕਾਰਾਂ ਦਾ ਸਹੀ ਜੁੱਟ ਹੈ –
(1) ਜੁਗਿੰਦਰ ਬਾਹਰਲਾ, ਤੇਰਾ ਸਿੰਘ ਚੰਨ, ਸ਼ੀਲਾ ਭਾਟੀਆ
(2) ਜੁਗਿੰਦਰ ਬਾਹਰਲਾ, ਜਗਦੀਸ਼ ਫਰਿਆਦੀ, ਸ.ਨ.ਸੇਵਕ
(3) ਤੇਰਾ ਸਿੰਘ ਚੰਨ, ਸ਼ੀਲਾ ਭਾਟੀਆ, ਕੇਵਲ ਧਾਲੀਵਾਲ
(4) ਜਗਦੀਸ਼ ਫਰਿਆਦੀ, ਤੇਰਾ ਸਿੰਘ ਚੰਨ, ਹਰਸ਼ਰਨ ਸਿੰਘ

65. ਥੀਏਟਰ ਆਫ਼ ਕਰੂਅਲਟੀ ਨਾਲ ਸੰਬੰਧਿਤ ਨਾਟਕ ਹੈ –
(1) ਢਾਂਡਾ (ਅਜਮੇਰ ਸਿੰਘ ਔਲਖ)
(2) ਮੈਂ ਤਾਂ ਇਕ ਸਾਰੰਗੀ ਹਾਂ (ਆਤਮਜੀਤ)
(3) ਲੋਹਾ ਕੁੱਟ (ਬਲਵੰਤ ਗਾਰਗੀ)
(4) ਬਾਬਾ ਬੰਤੂ (ਚਰਨਦਾਸ ਸਿੱਧੂ)

66. ਸ਼ਤਾਬਦੀ ਨਾਟਕ ਪਰੰਪਰਾ ਨਾਲ ਸੰਬੰਧਿਤ ਨਾਟਕ ਹੈ –
(1) ਮੇਰਾ ਮਿਰਜ਼ਾ ਯਾਰ (ਸੁਰਜੀਤ ਸਿੰਘ ਸੇਠੀ)
(2) ਪੀਰ ਪੈਗ਼ੰਬਰ (ਇੰਦਰ ਸਿੰਘ ਚੱਕ੍ਰਵਰਤੀ)
(3) ਜਿਨ ਸਚੁ ਪਲੇ ਹੋਏ (ਗੁਰਦਿਆਲ ਸਿੰਘ ਫੁੱਲ)
(4) ਤਖ਼ਤ ਲਾਹੌਰ (ਨਾਜ਼ਮ ਹੁਸੈਨ ਸੱਯਦ)

CAREERINDIA

67. ਨਾਟਕ ਅਤੇ ਰੰਗਮੰਚੀ ਆਲੋਚਨਾ ਸੰਬੰਧੀ ਸਹੀ ਜੁੱਟ ਹੈ –
   (1) ਬਲਵੰਤ ਗਾਰਗੀ – ਰੰਗਮੰਚ ਕਲਾ
   (2) ਸੁਰਜੀਤ ਸਿੰਘ ਸੇਠੀ – ਨਾਟਕ ਕਲਾ
   (3) ਗੁਰਦਿਆਲ ਸਿੰਘ ਫੁੱਲ– ਪੰਜਾਬੀ ਲੋਕ ਨਾਟਕ ਪਰੰਪਰਾ
   (4) ਅਜੀਤ ਸਿੰਘ ਔਲਖ – ਲੋਕ ਨਾਟਕ

68. **(A) ਕਥਨ –** ਐਬਸਰਡ ਥੀਏਟਰ ਦੀ ਰੰਗਮੰਚੀ ਸ਼ੈਲੀ ਵਿਚ ਪਾਤਰਾਂ ਨੇ ਇਓਂ ਅਭਿਨਯ ਕਰਨਾ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਕੋਈ ਵਿਅਕਤਿਤਵ ਨਹੀਂ ਹੈ ਸਗੋਂ ਉਹ ਕੇਵਲ ਚਿੰਨ੍ਹ ਹਨ, ਬੰਬ ਹਨ ਜਾਂ ਨਿਰੀਆਂ ਪੁਤਲੀਆਂ ਹਨ।

   **(R) ਕਾਰਨ –**ਇਸੇ ਲਈ ਰੰਗਮੰਚੀ ਸ਼ੈਲੀ ਨੂੰ ਊਲ-ਜਲੂਲ ਤੇ ਹਸਾਉਣੀ ਕਹਿਣਾ ਸਹੀ ਹੈ।

   **ਉਪਰੋਕਤ ਵਿਚੋਂ ਕਿਹੜਾ ਸਹੀ ਹੈ।**

   (1) **(A)** ਸਹੀ ਹੈ **(R)** ਗਲਤ ਹੈ।
   (2) **(A)** ਗਲਤ ਹੈ **(R)** ਸਹੀ ਹੈ।
   (3) **(A)** ਤੇ **(R)** ਦੋਵੇਂ ਸਹੀ ਹਨ।
   (4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

69. ਆਲੋਚਨਾ-ਕਾਰਜ ਦਾ ਸਹੀ ਵਰਗ ਹੈ –
   (1) ਪੂਰਵ-ਸਥਾਪਨਾਵਾਂ, ਵਿਵੇਕਸ਼ੀਲਤਾ, ਵਿਸ਼ਲੇਸ਼ਣ
   (2) ਖੇਤਰੀ ਕਾਰਜ, ਤੱਥਾਂ ਦੀ ਚੋਣ, ਤੱਥਾਂ ਦਾ ਮੁਲਾਂਕਨ
   (3) ਅਧਿਐਨ-ਵਿਧੀ, ਤੱਥ-ਵਿਸ਼ਲੇਸ਼ਣ, ਨਿਆਇਸ਼ੀਲ ਸਥਾਪਨਾਵਾਂ
   (4) ਖੋਜ-ਵਿਧੀ, ਤੱਥਾਂ ਦਾ ਸੰਗ੍ਰਹਿ, ਨਵੀਆਂ ਸਥਾਪਨਾਵਾਂ

70. ਕਿਹੜਾ ਵਰਗ ਸਹੀ ਹੈ –
   (1) ਪਿਆਰਾ ਸਿੰਘ ਪਦਮ, ਵਾਰਕਾਵਿ, ਪਾਠਗਤ ਵਿਸ਼ਲੇਸ਼ਣ
   (2) ਜੀਤ ਸਿੰਘ ਸੀਤਲ, ਕਿੱਸਾ ਕਾਵਿ, ਖੋਜ ਤੇ ਸੰਪਾਦਨ
   (3) ਸੰਤ ਸਿੰਘ ਸੇਖੋਂ, ਗੁਰਮਤਿ ਕਾਵਿ, ਅਧਿਐਨ ਤੇ ਵਿਸ਼ਲੇਸ਼ਣ
   (4) ਹਰਨਾਮ ਸਿੰਘ ਸ਼ਾਨ, ਸੂਫੀ ਕਾਵਿ, ਖੋਜ ਤੇ ਵਿਸ਼ਲੇਸ਼ਣ

71. ਇਕੋ ਪ੍ਰਣਾਲੀ ਦੇ ਸਾਹਿਤ-ਸਮੀਖਿਆਕਾਰਾਂ ਦਾ ਸਹੀ ਵਰਗ ਹੈ –
   (1) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਅਤਰ ਸਿੰਘ
   (2) ਨਜਮ ਹੁਸੈਨ ਸੱਯਦ, ਸੁਤਿੰਦਰ ਸਿੰਘ ਨੂਰ, ਗੁਰਚਰਣ ਸਿੰਘ ਅਰਸ਼ੀ
   (3) ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਆਤਮਜੀਤ ਸਿੰਘ
   (4) ਪ੍ਰੇਮ ਪ੍ਰਕਾਸ਼ ਸਿੰਘ, ਰਤਨ ਸਿੰਘ ਜੱਗੀ, ਟੀ.ਆਰ. ਵਿਨੋਦ

www.careerindia.com

CAREERINDIA

**72.** ਹਰਿਭਜਨ ਦੀ ਆਲੋਚਨਾ ਦ੍ਰਿਸ਼ਟੀ ਦੇ ਮੁੱਖ ਲੱਛਣ ਹਨ –

(1) ਰੂਪਵਾਦ, ਪਾਠਗਤ ਜੁਗਤਾਂ, ਵਿਚਾਰਧਾਰਾ

(2) ਸਾਹਿਤ ਸਿਧਾਂਤ, ਕਾਵਿ–ਸ਼ਾਸਤਰ, ਪਾਠਗਤ ਸਮੀਖਿਆ

(3) ਸੰਰਚਨਾਵਾਦ, ਦਵੰਦਵਾਦ, ਸਾਹਿਤ–ਸ਼ਾਸਤਰ

(4) ਉੱਤਰ–ਆਧੁਨਿਕਤਾ, ਕਾਵਿ–ਸ਼ਾਸਤਰ, ਨਾਵਲੀ ਆਲੋਚਨਾ

**73.**

| | **ਸੂਚੀ – I** | | **ਸੂਚੀ – II** |
|---|---|---|---|
| (a) | ਭਾਸ਼ਾ–ਵਿਗਿਆਨਕ ਖੋਜ | (i) | ਕੇਸਰ ਸਿੰਘ ਕੇਸਰ |
| (b) | ਲੋਕਯਾਨਕ ਖੋਜ | (ii) | ਪ੍ਰੋ. ਪ੍ਰੀਤਮ ਸਿੰਘ |
| (c) | ਮੱਧਕਾਲੀਨ ਸਾਹਿਤ–ਖੋਜ | (iii) | ਵਿਦਿਆਭਾਸਕਰ ਅਰੁਣ |
| (d) | ਆਧੁਨਿਕ ਸਾਹਤ–ਖੋਜ | (iv) | ਵਣਜਾਰਾ ਬੇਦੀ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ।**

| | **(a)** | **(b)** | **(c)** | **(d)** |
|---|---|---|---|---|
| (1) | (iii) | (i) | (iv) | (ii) |
| (2) | (i) | (ii) | (iv) | (iii) |
| (3) | (ii) | (iii) | (iv) | (i) |
| (4) | (iii) | (iv) | (ii) | (i) |

**ਹੇਠਾਂ ਦਿੱਤੇ ਪੈਰੇ ਦੇ ਆਧਾਰ ਤੇ 74 ਅਤੇ 75 ਪ੍ਰਸ਼ਨਾਂ ਦੇ ਉੱਤਰ ਦਿਓ –**

ਸਾਹਿਤਕ ਤੱਤ ਦਾ ਨਿਰਣਾ ਕਰਨ ਲਈ ਸਭ ਤੋਂ ਪਹਿਲਾ ਕਦਮ ਇਸਦੇ ਮਾਧਿਅਮ ਭਾਵ ਸ਼ਬਦ ਅਤੇ ਸ਼ਬਦਾਂ ਦੇ ਯੋਜਨਾ–ਬੱਧ ਸਰੂਪ, ਭਾਸ਼ਾ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ। ਹੁਣ ਤਕ ਪੰਜਾਬੀ ਸਾਹਿਤ ਵਿਚ ਜਿਤਨਿਆਂ ਵੀ ਲਹਿਰਾਂ ਸ਼ੁਰੂ ਹੋਈਆਂ ਜਾਂ ਜਿਤਨੇ ਵੀ ਸਾਹਿਤਕ ਸਿਧਾਂਤ ਅਪਣਾਏ ਜਾਂਦੇ ਰਹੇ ਹਨ, ਉਨ੍ਹਾਂ ਵਿਚ ਸਾਹਿਤ ਦੁਆਰਾ ਕਹੀ ਗਈ ਗੱਲ ਅਤੇ ਉਸਦੀ ਵਿਆਖਿਆ ਉੱਤੇ ਹੀ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਇਸ ਦ੍ਰਿਸ਼ਟੀਕੋਣ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਸਾਹਿਤਕ ਰਚਨਾ ਦੀ ਠੋਸ ਹੋਂਦ ਨੂੰ ਅੱਖੋਂ ਪਰੋਖੇ ਕਰਕੇ ਸਾਹਿਤਕਾਰ ਦੇ ਮਨੋਰਥ ਜਾਂ ਸੰਦੇਸ਼ ਉੱਤੇ ਧਿਆਨ ਜੋੜਿਆ ਜਾਏ।

**74.** ਸਾਹਿਤਕ ਤੱਤ ਦਾ ਨਿਰਣਾ ਕਰਨ ਲਈ ਜ਼ਰੂਰੀ ਹੈ –

(1) ਸਾਹਿਤਕ ਤੱਤ ਦੀ ਹੋਂਦ–ਵਿਧੀ ਨੂੰ ਸਮਝਣਾ

(2) ਸਾਹਿਤਕ ਲਹਿਰਾਂ ਦੇ ਪ੍ਰਯੋਜਨ ਨੂੰ ਸਮਝਣਾ

(3) ਸਾਹਿਤਕ ਭਾਸ਼ਾ ਦੇ ਸਮੁੱਚੇ ਪ੍ਰਬੰਧ ਨੂੰ ਸਮਝਣਾ

(4) ਸਾਹਿਤ ਦੀ ਵਿਆਖਿਆ ਨੂੰ ਸਮਝਣਾ

**75.** ਪੰਜਾਬੀ ਸਾਹਿਤ–ਸਿਧਾਂਤ ਦੀ ਮੁੱਖ ਲੋੜ ਕੀ ਹੈ –

(1) ਸਾਹਿਤਕਾਰ ਦੇ ਮਨੋਰਥ ਦੀ ਪਹਿਚਾਨ ਕੀਤੀ ਜਾਵੇ

(2) ਸਾਹਿਤਕ ਰਚਨਾ ਦੀ ਠੋਸ ਹੋਂਦ ਨੂੰ ਸਮਝਿਆ ਜਾਵੇ

(3) ਸਾਹਿਤ ਦੁਆਰਾ ਕਹੀ ਗਲ ਦੀ ਵਿਆਖਿਆ ਕੀਤੀ ਜਾਵੇ

(4) ਸਾਹਿਤਕਾਰ ਦੇ ਸੰਦੇਸ਼ ਨੂੰ ਪਹਿਚਾਨਿਆ ਜਾਵੇ

- o 0 o -

www.careerindia.com

CAREERINDIA

**Space For Rough Work**

www.careerindia.com